

# ਜ਼ਿਲ੍ਹਾ ਟਰਾਂਸਪੋਰਟ ਅਫ਼ਸਰ

**ਸੰਖੇਪ ਜਾਣ-ਪਛਾਣ**

ਜ਼ਿਲ੍ਹਾ ਟਰਾਂਸਪੋਰਟ ਅਫ਼ਸਰ, ਹੁਸ਼ਿਆਰਪੁਰ ਦਾ ਦਫ਼ਤਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਹੁਸ਼ਿਆਰਪੁਰ ਵਿਖੇ ਸਥਿਤ ਹੈ। ਦਫਤਰ ਦਾ ਮੁੱਖ ਕੰਮ ਹਰ ਕਿਸਮ ਦੇ ਵਾਹਨਾਂ ਦੀ ਰਜਿਸਟਰੇਸ਼ਨ ਕਰਨੀ, ਡਰਾਈਵਿੰਗ ਲਾਈਸੈਂਸ ਜਾਰੀ ਕਰਨੇ, ਟੈਕਸੀਆਂ, ਸਕੂਲ ਬੱਸਾਂ ਅਤੇ ਆਟੋ ਰਿਕਸ਼ਿਆਂ ਨੂੰ ਪਰਮਿਟ ਜਾਰੀ ਕਰਨੇ ਹਨ।

**ਦਫ਼ਤਰ ਦੇ ਮੁੱਖ ਕੰਮਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-**

1. ਨਵੀਆਂ ਗੱਡੀਆਂ ਦੀ ਰਜਿਸਟਰੇਸ਼ਨ ਕਰਨ ਬਾਰੇ।

ਨਵੀਆਂ ਗੱਡੀਆਂ ਦੀ ਰਜਿਸਟਰੇਸ਼ਨ, ਸੈਂਟਰਲ ਮੋਟਰ ਵਹੀਕਲ ਰੂਲਜ਼ 1989 ਦੇ ਨਿਯਮ 48 ਦੇ ਅਨੁਸਾਰ ਕੀਤੀ ਜਾਂਦੀ ਹੈ। ਜਿਸ ਵਿੱਚ ਹੇਠ ਅਨੁਸਾਰ ਦਸਤਾਵੇਜ਼ ਲਏ ਜਾਂਦੇ ਹਨ।

(ੳ) ਫਾਰਮ ਨੰਬਰ 20 ਜਿਸ ਉਪਰ ਵਹੀਕਲ ਦਾ ਚੈਸੀ ਨੰਬਰ ਟਰੇਸ ਕੀਤਾ ਹੋਵੇ।

(ਅ) ਫਾਰਮ ਨੰਬਰ 21-22 ਅਤੇ ਆਰਜ਼ੀ ਰਜਿਸਟਰੇਸ਼ਨ ਸਰਟੀਫਿਕੇਟ (ਇਹ ਦਸਤਾਵੇਜ਼ ਨਿਰਧਾਰਤ ਡੀਲਰ ਵਲੋਂ ਗੱਡੀ ਵੇਚਣ ਸਮੇਂ ਜਾਰੀ ਕੀਤੇ ਜਾਂਦੇ ਹਨ) (ਫਾਰਮ ਨੰ. 22 ਏ ਬਾਡੀਬਿਲਡਰ ਵਲੋਂ ਜਾਰੀ ਕੀਤਾ ਜਾਂਦਾ ਹੈ।)

(ੲ) ਰਿਹਾਇਸ਼ ਦਾ ਸਬੂਤ (ਰਾਸ਼ਨ ਕਾਰਡ, ਬੀਮਾ ਪਾਲਸੀ, ਵੋਟਰ ਸੂਚੀ, ਪਾਸਪੋਰਟ, ਤਨਖਾਹ ਪਰਚੀ, ਜਨਮ ਸਰਟੀਫਿਕੇਟ ਆਦਿ)

(ਸ) ਵਾਹਣ ਦੇ ਬੀਮੇ ਦੀ ਕਾਪੀ।

ਉਪਰੋਕਤ ਤੋਂ ਇਲਾਵਾ ਨਿਰਧਾਰਤ ਫੀਸ ਸਰਕਾਰੀ ਖਜ਼ਾਨੇ/ਦਫ਼ਤਰ ਵਿਖੇ ਜਮ੍ਹਾਂ ਕਰਵਾਈ ਗਈ ਹੋਵੇ ਦਾ ਸਬੂਤ ਨਾਲ ਨੱਥੀ ਕਰਕੇ ਵਾਹਣਾਂ ਦੇ ਦਸਤਾਵੇਜ਼ ਦਫ਼ਤਰ ਜ਼ਿਲ੍ਹਾ ਟਰਾਂਸਪੋਰਟ ਅਫ਼ਸਰ ਵਿਖੇ ਪੇਸ਼ ਕੀਤੇ ਜਾਂਦੇ ਹਨ, ਜਿਨ੍ਹਾਂ ਦੀ ਪੜਤਾਲ ਸੰਬੰਧਤ ਕਲਰਕ ਵਲੋਂ ਕੀਤੀ ਜਾਂਦੀ ਹੈ ਅਤੇ ਦਸਤਾਵੇਜ਼ ਸਹੀ ਪਾਏ ਜਾਣ ਅਤੇ ਗੱਡੀ ਦੀ ਇਨਸਪੈਕਸ਼ਨ ਉਪਰੰਤ ਜ਼ਿਲ੍ਹਾ ਟਰਾਂਸਪੋਰਟ ਅਫ਼ਸਰ ਵਲੋਂ ਗੱਡੀ ਨੂੰ ਰਜਿਸਟਰਡ ਕਰਕੇ ਰਜਿਸਟਰੇਸ਼ਨ ਸਰਟੀਫਿਕੇਟ ਜਾਰੀ ਕਰ ਦਿੱਤਾ ਜਾਂਦਾ ਹੈ। ਮਾਲਕ ਵੱਲੋਂ ਗੱਡੀ ਖ਼ਰੀਦ ਕਰਨ ਉਪਰੰਤ ਸੱਤ ਦਿਨਾਂ ਦੇ ਅੰਦਰ-ਅੰਦਰ ਲੋੜੀਂਦੇ ਦਸਤਾਵੇਜ਼ ਦਫ਼ਤਰ ਵਿੱਚ ਪੇਸ਼ ਕਰਨੇ ਹੁੰਦੇ ਹਨ। ਦੇਰੀ ਹੋਣ ਕਾਰਨ ਨਿਯਮਾਂ ਅਨੁਸਾਰ ਲੇਟ ਫੀਸ ਲਈ ਜਾਂਦੀ ਹੈ। ਟਰਾਂਸਪੋਰਟ ਗੱਡੀ (ਬੱਸ, ਟਰੱਕ ਆਦਿ) ਦੀ ਰਜਿਸਟਰੇਸ਼ਨ ਤੋਂ ਪਹਿਲਾਂ ਇਸ ਦੀ ਫਾਰਮ ਨੰਬਰ 38 ਵਿੱਚ ਫਿਟਨੈੱਸ ਜਾਰੀ ਕੀਤੀ ਜਾਂਦੀ ਹੈ।

2. **ਮਲਕੀਅਤ ਬਦਲਣ ਬਾਰੇ**

ਸੈਂਟਰਲ ਮੋਟਰ ਵਹੀਕਲ ਰੂਲਜ਼ 1989 ਦੇ ਨਿਯਮ 55 ਅਨੁਸਾਰ ਫਾਰਮ ਨੰਬਰ 29 (ਦੋ ਪਰਤਾਂ) ਤੇ ਅਰਜ਼ੀ ਗੱਡੀ ਵੇਚਣ ਵਾਲੇ ਵੱਲੋਂ ਅਤੇ ਫਾਰਮ 30 ਜਿਸ ਉਪਰ ਖ਼ਰੀਦ ਕਰਤਾ ਅਤੇ ਵੇਚਣ ਵਾਲੇ ਦੇ ਹਸਤਾਖਰ ਹੁੰਦੇ ਹਨ ਤੇ ਅਰਜ਼ੀ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਰਜਿਸਟਰੇਸ਼ਨ ਸਰਟੀਫਿਕੇਟ (ਆਰ.ਸੀ.), ਬੀਮੇ ਦੀ ਕਾਪੀ, ਖ਼ਰੀਦਦਾਰ ਦੀ ਰਿਹਾਇਸ਼ ਦਾ ਸਬੂਤ, ਹਲਫੀਆ ਬਿਆਨ ਅਤੇ ਨਿਰਧਾਰਤ ਫੀਸ ਲਈ ਜਾਂਦੀ ਹੈ। ਇਸ ਕੰਮ ਲਈ ਲੱਗਭੱਗ ਇੱਕ ਹਫ਼ਤੇ ਦਾ ਸਮਾਂ ਲੱਗਦਾ ਹੈ। ਜੇਕਰ ਗੱਡੀ ਬਾਹਰਲੇ ਰਾਜਾਂ ਤੋਂ ਲਿਆਂਦੀ ਗਈ ਹੋਵੇ ਤਾਂ ਸੰਬੰਧਤ ਰਾਜ ਦੀ ਰਜਿਸਟਰਿੰਗ ਅਥਾਰਟੀ ਵੱਲੋਂ ਫਾਰਮ ਨੰਬਰ 28 ਤੇ ਜਾਰੀ ਨੋ ਅਬਜੈਕਸ਼ਨ ਸਰਟੀਫਿਕੇਟ ਵੀ ਲਿਆ ਜਾਂਦਾ ਹੈ।

ਬਾਹਰਲੇ ਰਾਜਾਂ ਦੀਆਂ ਗੱਡੀਆਂ ਦੀ ਮਲਕੀਅਤ ਬਦਲੀ ਕਰਨ ਲਈ ਇੱਕ ਮਹੀਨੇ ਦਾ ਨੋਟਿਸ ਦਿੱਤਾ ਜਾਂਦਾ ਹੈ ਅਤੇ ਇਸ ਦੀ ਕਨਫਰਮੇਸ਼ਨ ਹੋਣ ਤੇ ਮਲਕੀਅਤ ਦੀ ਬਦਲੀ ਕਰ ਦਿੱਤੀ ਜਾਂਦੀ ਹੈ।

3. **ਡੁਪਲੀਕੇਟ ਰਜਿਸਟਰੇਸ਼ਨ ਸਰਟੀਫਿਕੇਟ ਜਾਰੀ ਕਰਨ ਬਾਰੇ**

ਡੁਪਲੀਕੇਟ ਆਰ.ਸੀ. ਦੇ ਗੁੰਮ ਜਾਂ ਨਸ਼ਟ ਹੋਣ ਤੇ ਜਾਰੀ ਕੀਤੀ ਜਾਂਦੀ ਹੈ। ਅਜਿਹਾ ਹੋਣ ਤੇ ਸੈਂਟਰਲ ਮੋਟਰ ਵਹੀਕਲ ਰੂਲਜ਼ 1989 ਦੇ ਨਿਯਮ 53 ਅਨੁਸਾਰ ਫਾਰਮ ਨੰਬਰ 26 ਤੇ ਅਰਜ਼ੀ ਦਿੱਤੀ ਜਾਂਦੀ ਹੈ ਜਿਸ ਨਾਲ ਅਸਲੀ ਆਰ.ਸੀ. ਦੀ ਗੁੰਮਸ਼ੁਦਗੀ ਸਬੰਧੀ ਪੁਲਿਸ ਥਾਣੇ ਵਿੱਚ ਕਰਵਾਈ ਗਈ ਐਫ.ਆਈ.ਆਰ. ਦੀ ਕਾਪੀ ਅਤੇ ਹਲਫੀਆ ਬਿਆਨ ਨਿਰਧਾਰਤ ਫੀਸ ਲੈਣ ਉਪਰੰਤ ਡੁਪਲੀਕੇਟ ਆਰ.ਸੀ. ਜਾਰੀ ਕੀਤੀ ਜਾਂਦੀ ਹੈ।

ਕਰਵਾਈ ਗਈ ਐਫ.ਆਈ.ਆਰ. ਦੀ ਕਾਪੀ ਅਤੇ ਹਲਫੀਆ ਬਿਆਨ ਨਿਰਧਾਰਤ ਫੀਸ ਲੈਣ ਉਪਰੰਤ ਡੁਪਲੀਕੇਟ ਆਰ.ਸੀ. ਜਾਰੀ ਕੀਤੀ ਜਾਂਦੀ ਹੈ।

4. **ਹਾਈਪੋਥੀਕੇਸ਼ਨ ਦਰਜ/ਕੈਂਸਲ ਕਰਵਾਉਣ ਬਾਰੇ**

ਇਹ ਮੋਟਰ ਵਹੀਕਲ ਰੂਲਜ਼ ਦੇ ਨਿਯਮ 60 ਅਤੇ 61 (1) ਅਨੁਸਾਰ ਕੀਤੀ ਜਾਂਦੀ ਹੈ। ਕਿਸੇ ਵੀ ਵਾਹਣ ਤੇ ਐਚ.ਪੀ.ਏ. ਦਰਜ ਕਰਵਾਉਣ ਲਈ ਫਾਰਮ ਨੰਬਰ 34 ਅਤੇ ਕੈਂਸਲ ਕਰਵਾਉਣ ਲਈ ਫਾਰਮ ਨੰਬਰ 35 ਦੋ ਪਰਤਾਂ ਵਿੱਚ ਲਗਾਇਆ ਜਾਂਦਾ ਹੈ। ਕੈਂਸਲੇਸ਼ਨ ਲਈ ਸੰਬੰਧਤ ਅਦਾਰੇ ਵੱਲੋਂ ਉਸਦੇ ਲੈਟਰ ਪੈਡ ਤੇ ਇਸ ਮੰਤਵ ਲਈ ਜਾਰੀ ਪੱਤਰ ਵੀ ਲਿਆ ਜਾਂਦਾ ਹੈ। ਐਚ.ਪੀ.ਏ. ਦਰਜ ਅਤੇ ਕੈਂਸਲ ਕਰਵਾਉਣ ਲਈ ਨਿਰਧਾਰਤ ਫੀਸ ਜਮ੍ਹਾਂ ਕਰਵਾਉਣ ਤੇ ਹੀ ਲੋੜੀਂਦੀ ਕਾਰਵਾਈ ਕੀਤੀ ਜਾਂਦੀ ਹੈ।

5. **ਲਰਨਿੰਗ ਲਾਈਸੈਂਸ ਜਾਰੀ ਕਰਨ ਬਾਰੇ**

ਇਹ ਮੋਟਰ ਵਹੀਕਲ ਐਕਟ 1988 ਦੀ ਧਾਰਾ 8 ਅਨੁਸਾਰ ਦਿੱਤਾ ਜਾਂਦਾ ਹੈ। ਲਰਨਿੰਗ ਲਾਈਸੈਂਸ ਜਾਰੀ ਕਰਨ ਲਈ ਫਾਰਮ 1 ਅਤੇ 2 ਅਰਜੀ ਦਿੱਤੀ ਜਾਂਦੀ ਹੈ। ਲਰਨਿੰਗ ਲਾਈਸੈਂਸ ਜਾਰੀ ਕਰਨ ਲਈ ਨਾਨ ਟਰਾਂਸਪੋਰਟ ਗੱਡੀਆਂ ਲਈ ਘੱਟੋ-ਘੱਟ ਉਮਰ 18 ਸਾਲ ਅਤੇ ਲਾਈਟ ਮੋਟਰ ਵਹੀਕਲ ਟਰਾਂਸਪੋਰਟ ਗੱਡੀਆਂ ਲਈ 20 ਸਾਲ ਹੋਣੀ ਚਾਹੀਦੀ ਹੈ। 16 ਤੋਂ 18 ਸਾਲ ਦੀ ਉਮਰ ਦੇ ਬੱਚਿਆਂ ਲਈ ਬਿਨ੍ਹਾਂ ਗੇਅਰ ਦੇ ਮੋਟਰ ਸਾਈਕਲ (ਮੋਪਡ ਆਦਿ) ਅਤੇ ਪ੍ਰਾਰਥੀ ਦੇ ਮਾਤਾ ਪਿਤਾ/ਗਾਰਡੀਅਨ ਵਲੋਂ ਰਜ਼ਾਮੰਦੀ ਦੇਣ ਉਪਰੰਤ ਲਰਨਿੰਗ ਲਾਈਸੈਂਸ ਜਾਰੀ ਕੀਤਾ ਜਾਂਦਾ ਹੈ। ਫਾਰਮ ਨੰਬਰ 1 ਅਤੇ 2 ਨਾਲ ਹੇਠ ਲਿਖੇ ਦਸਤਾਵੇਜ਼ ਲਗਾਏ ਜਾਂਦੇ ਹਨ।

(ੳ) ਤਿੰਨ ਪਾਸਪੋਰਟ ਸਾਈਜ਼ ਫੋਟੋਆਂ

(ਅ) ਜਨਮ ਮਿਤੀ ਦਾ ਸਬੂਤ

(ੲ) ਰਿਹਾਇਸ਼ ਦਾ ਸਬੂਤ

(ਸ) ਨਿਰਧਾਰਤ ਫੀਸ ਦੀ ਰਸੀਦ

ਇਸ ਉਪਰੰਤ ਜ਼ਿਲ੍ਹਾ ਟਰਾਂਸਪੋਰਟ ਵੱਲੋਂ ਪ੍ਰਾਰਥੀ ਦਾ ਮੁੱਢਲਾ ਟੈਸਟ ਲਿਆ ਜਾਂਦਾ ਹੈ। ਜਿਸ ਦੇ ਅਧਾਰ ਤੇ ਲਰਨਿੰਗ ਲਾਈਸੈਂਸ ਜਾਰੀ ਕਰ ਦਿੱਤਾ ਜਾਂਦਾ ਹੈ। ਲਰਨਿੰਗ ਲਾਈਸੈਂਸ 6 ਮਹੀਨਿਆਂ ਲਈ ਜਾਰੀ ਕੀਤਾ ਜਾਂਦਾ ਹੈ।

6. **ਪੱਕਾ ਲਾਈਸੈਂਸ ਜਾਰੀ ਕਰਨ ਬਾਰੇ**

ਸੈਂਟਰਲ ਮੋਟਰ ਵਹੀਕਲ ਰੂਲਜ਼ 1989 ਦੇ ਨਿਯਮ 14 ਅਨੁਸਾਰ ਫਾਰਮ ਨੰਬਰ 7-ਛ ਤੇ ਅਰਜ਼ੀ ਦਿੱਤੀ ਜਾਂਦੀ ਹੈ ਅਤੇ ਇਸ ਨਾਲ ਹੇਠ ਲਿਖੇ ਦਸਤਾਵੇਜ਼ ਲਗਾਏ ਜਾਂਦੇ ਹਨ।

(ੳ) ਵੈਲਡ ਲਰਨਰਜ਼ ਲਾਈਸੈਂਸ

(ਅ) ਨਿਰਧਾਰਤ ਫੀਸ ਦੀ ਰਸੀਦ

(ੲ) ਇੱਕ ਪਾਸਪੋਰਟ ਸਾਈਜ਼ ਫੋਟੋ

ਇਹ ਲਾਈਸੈਂਸ ਲਰਨਰ ਲਾਈਸੈਂਸ ਜਾਰੀ ਹੋਣ ਤੋਂ ਘੱਟ ਤੋਂ ਘੱਟ 30 ਦਿਨਾਂ ਬਾਅਦ ਬਣਾਇਆ ਜਾ ਸਕਦਾ ਹੈ। ਅਰਜ਼ੀ ਮੁਕੰਮਲ ਹੋਣ ਉਪਰੰਤ ਪ੍ਰਾਰਥੀ ਦਾ ਨਿਯਮਾਂ ਅਨੁਸਾਰ ਜ਼ਿਲ੍ਹਾ ਟਰਾਂਸਪੋਰਟ ਅਫ਼ਸਰ ਵਲੋਂ ਯੋਗਤਾ ਟੈਸਟ ਲਿਆ ਜਾਂਦਾ ਹੈ ਅਤੇ ਯੋਗਤਾ ਟੈਸਟ ਪਾਸ

ਕਰਨ ਤੇ ਨਾਨ ਕਮਰਸ਼ੀਅਲ ਗੱਡੀਆਂ ਲਈ ਡਰਾਈਵਿੰਗ ਲਾਈਸੈਂਸ ਜਾਰੀ ਕਰ ਦਿੱਤਾ ਜਾਂਦਾ ਹੈ। ਇਹ ਲਾਈਸੈਂਸ 20 ਸਾਲ ਲਈ ਜਾਂ ਵਿਅਕਤੀ ਦੀ 50 ਸਾਲ ਦੀ ਉਮਰ ਤੱਕ (ਜੋ ਪਹਿਲਾਂ ਹੋਵੇ) ਬਣਾਇਆ ਜਾਂਦਾ ਹੈ। ਟਰਾਂਸਪੋਰਟ ਗੱਡੀਆਂ ਲਈ ਡਰਾਈਵਿੰਗ ਲਾਈਸੈਂਸ ਨਿਰਧਾਰਤ ਡਰਾਈਵਿੰਗ ਟਰੇਨਿੰਗ ਸਕੂਲਾਂ ਵੱਲੋਂ ਜਾਰੀ ਟਰੇਨਿੰਗ ਸਰਟੀਫਿਕੇਟ ਦੇ ਅਧਾਰ ਤੇ ਡਰਾਈਵਿੰਗ ਲਾਈਸੈਂਸ ਤਿੰਨ ਸਾਲ ਲਈ ਜਾਰੀ ਕੀਤਾ ਜਾਂਦਾ ਹੈ।

7. **ਡਰਾਈਵਿੰਗ ਲਾਈਸੈਂਸ ਦੇ ਨਵੀਨੀਕਰਨ ਬਾਰੇ**

ਸੈਂਟਰਲ ਮੋਟਰ ਵਹੀਕਲ ਰੂਲਜ਼ 1989 ਦੇ ਨਿਯਮ 18 ਅਨੁਸਾਰ ਫਾਰਮ ਨੰਬਰ 9 ਤੇ ਅਰਜ਼ੀ ਦਿੱਤੀ ਜਾਂਦੀ ਹੈ, ਜਿਸ ਨਾਲ ਲੋੜੀਂਦਾ ਮੈਡੀਕਲ ਸਰਟੀਫਿਕੇਟ ਲਗਾਇਆ ਜਾਂਦਾ ਹੈ। ਨਿਰਧਾਰਤ ਫੀਸ ਜਮ੍ਹਾਂ ਕਰਵਾਉਣ ਉਪਰੰਤ ਜ਼ਿਲ੍ਹਾ ਟਰਾਂਸਪੋਰਟ ਅਫ਼ਸਰ ਵਲੋਂ ਨਾਨ ਕਮਰਸ਼ੀਅਲ ਗੱਡੀਆਂ ਦਾ ਡਰਾਈਵਿੰਗ ਲਾਈਸੈਂਸ 5 ਸਾਲ ਲਈ ਅਤੇ ਟਰਾਂਸਪੋਰਟ ਗੱਡੀਆਂ ਦਾ ਡਰਾਈਵਿੰਗ ਲਾਈਸੈਂਸ ਅਗਲੇ 3 ਸਾਲਾਂ ਲਈ ਰੀਨਿਊ ਕੀਤਾ ਜਾਂਦਾ ਹੈ। ਡਰਾਈਵਿੰਗ ਲਾਈਸੈਂਸ ਰੀਨਿਊ ਕਰਵਾਉਣ ਲਈ ਇੱਕ ਮਹੀਨੇ ਦਾ ਗਰੇਸ ਪੀਰੀਅਡ ਦਿੱਤਾ ਜਾਂਦਾ ਹੈ। ਉਪਰੰਤ ਲੇਟ ਫੀਸ ਲਈ ਜਾਂਦੀ ਹੈ।

8. **ਡੁਪਲੀਕੇਟ ਲਾਈਸੈਂਸ ਜਾਰੀ ਕਰਨ ਬਾਰੇ**

ਲਾਈਸੈਂਸ ਗੁੰਮ ਹੋਣ ਦੀ ਸੂਰਤ ਵਿੱਚ ਡੁਪਲੀਕੇਟ ਲਾਈਸੈਂਸ ਜਾਰੀ ਕੀਤਾ ਜਾਂਦਾ ਹੈ। ਜਿਸ ਲਈ ਨਿਰਧਾਰਤ ਫਾਰਮ ਤੇ ਦਰਖਾਸਤ ਦਿੱਤੀ ਜਾਂਦੀ ਹੈ ਅਤੇ ਨਿਰਧਾਰਤ ਫੀਸ ਤੋਂ ਇਲਾਵਾ 3 ਫੋਟੋਆਂ ਲਗਾਈਆਂ ਜਾਂਦੀਆਂ ਹਨ ਅਤੇ ਗੁੰਮ ਸ਼ੁਦਗੀ ਦੀ ਪੁਲਿਸ ਰਿਪੋਰਟ ਨਾਲ ਲਗਾਈ ਜਾਂਦੀ ਹੈ। ਜ਼ਿਲ੍ਹਾ ਟਰਾਂਸਪੋਰਟ ਅਫ਼ਸਰ ਵਲੋਂ ਲਾਈਸੈਂਸ ਤਸਦੀਕ ਹੋਣ ਤੇ ਡੁਪਲੀਕੇਟ ਲਾਈਸੈਂਸ ਜਾਰੀ ਕੀਤਾ ਜਾਂਦਾ ਹੈ।

9. **ਮੌਜੂਦਾ ਡਰਾਈਵਿੰਗ ਲਾਈਸੈਂਸ ਵਿੱਚ ਵਾਧਾ ਕਰਨ ਬਾਰੇ**

ਜੇਕਰ ਕੋਈ ਮੌਜੂਦਾ ਡਰਾਈਵਿੰਗ ਲਾਈਸੈਂਸ ਧਾਰਕ ਆਪਣੇ ਡਰਾਈਵਿੰਗ ਲਾਈਸੈਂਸ ਵਿੱਚ ਕਿਸੇ ਕਿਸਮ ਦੇ ਵਾਹਨ ਦਾ ਵਾਧਾ ਕਰਵਾਉਣਾ ਚਾਹੁੰਦਾ ਹੈ ਤਾਂ ਉਸ ਨੂੰ ਫਾਰਮ ਨੰਬਰ 8 ਵਿੱਚ ਦਫ਼ਤਰ ਨੂੰ ਅਰਜ਼ੀ ਦੇਣੀ ਹੁੰਦੀ ਜਿਸ ਦੇ ਨਾਲ ਉਸ ਪਾਰਟੀਕੁਲਰ ਕਲਾਸ (ਨਾਨ ਟਰਾਂਸਪੋਰਟ ਲਈ) ਦਾ ਵੈਲਡ ਲਰਨਰ ਲਾਈਸੈਂਸ ਨਿਰਧਾਰਤ ਫੀਸ ਸਮੇਤ ਪੇਸ਼ ਕਰਨਾ ਹੁੰਦਾ ਹੈ। ਇਸ ਤੋਂ ਇਲਾਵਾ ਟਰਾਂਸਪੋਰਟ ਗੱਡੀਆਂ ਲਈ ਨਿਰਧਾਰਤ ਡਰਾਈਵਿੰਗ ਟਰੇਨਿੰਗ ਸਕੂਲਾਂ ਵੱਲੋਂ ਜਾਰੀ ਕੀਤਾ ਗਿਆ ਫਾਰਮ ਨੰਬਰ 5 ਟਰੇਨਿੰਗ ਸਰਟੀਫਿਕੇਟ ਲਗਾਉਣਾ ਹੁੰਦਾ ਹੈ।

10. **ਕੰਡਕਟਰ ਲਾਈਸੈਂਸ ਜਾਰੀ ਕਰਨ ਬਾਰੇ**

ਇਹ ਲਾਈਸੈਂਸ ਪੰਜਾਬ ਮੋਟਰ ਵਹੀਕਲ ਰੂਲਜ਼ 1989 ਦੇ ਨਿਯਮ 22 ਤਹਿਤ ਜਾਰੀ ਕੀਤੇ ਜਾਂਦੇ ਹਨ। ਕੰਡਕਟਰ ਲਾਈਸੈਂਸ ਜਾਰੀ ਕਰਨ ਲਈ ਪ੍ਰਾਰਥੀ ਵਲੋਂ, ਜਿਸ ਦੀ ਉਮਰ ਘੱਟ ਤੋਂ ਘੱਟ 18 ਸਾਲ ਹੋਵੇ, ਮੈਟ੍ਰਿਕ (ਪੰਜਾਬ ਵਿਸ਼ੇ ਸਮੇਤ) ਦਾ ਸਰਟੀਫਿਕੇਟ, ਮੈਡੀਕਲ ਸਰਟੀਫਿਕੇਟ, ਸੇਂਟ ਜੋਨ ਐਂਬੂਲੈਂਸ ਵਲੋਂ ਜਾਰੀ ਫਸਟਏਡ ਦੀ ਟਰੇਨਿੰਗ ਦਾ ਸਰਟੀਫਿਕੇਟ, 2 ਪਾਸਪੋਰਟ ਸਾਈਜ਼ ਫੋਟੋਆਂ ਅਤੇ ਨਿਰਧਾਰਤ ਫੀਸ ਜਮ੍ਹਾਂ ਕਰਵਾਉਣ ਉਪਰੰਤ ਜ਼ਿਲ੍ਹਾ ਟਰਾਂਸਪੋਰਟ ਅਫ਼ਸਰ ਦੀ ਸੰਤੁਸ਼ਟੀ ਤੇ ਕੰਡਕਟਰ ਲਾਈਸੈਂਸ ਜਾਰੀ ਕੀਤਾ ਜਾਂਦਾ ਹੈ, ਜਿਸ ਦੀ ਮਿਆਦ ਤਿੰਨ ਸਾਲ ਹੁੰਦੀ ਹੈ।

11. **ਟੈਕਸੀ/ਮੈਕਸੀ ਕੈਬ, ਆਟੋ ਰਿਕਸ਼ਾ ਅਤੇ ਪ੍ਰਾਈਵੇਟ ਸਰਵਿਸ ਵਹੀਕਲ ਲਈ ਰੈਗੂਲਰ ਪਰਮਿਟ ਜਾਰੀ ਕਰਨ ਬਾਰੇ**

ਟੈਕਸੀ/ਮੈਕਸੀ ਕੈਬ ਅਤੇ ਆਟੋ ਰਿਕਸ਼ਾ ਦੇ ਪਰਮਿਟ ਲਈ ਅਰਜ਼ੀ ਪੰਜਾਬ ਮੋਟਰ ਵਹੀਕਲ ਰੂਲਜ਼ 1989 ਦੇ ਨਿਯਮ 62 ਅਨੁਸਾਰ ਨਿਰਧਾਰਤ ਫਾਰਮ ਵਿੱਚ ਲੋੜੀਂਦੀ ਫੀਸ ਲੈਣ ਉਪਰੰਤ ਲਈ ਜਾਂਦੀ ਹੈ। ਆਟੋ ਰਿਕਸ਼ਾ ਦਾ ਮਿਊਂਸੀਪਲ ਕਾਰਪੋਰੇਸ਼ਨ/ਨਗਰ ਪਾਲਿਕਾ ਦੀ ਹੱਦ ਅੰਦਰ-ਅੰਦਰ ਪਰਮਿਟ ਜਾਰੀ ਕੀਤਾ ਜਾਂਦਾ ਹੈ। ਇਹ ਪਰਮਿਟ ਪੰਜ ਸਾਲ ਲਈ ਜਾਰੀ ਕੀਤਾ ਜਾਂਦਾ ਹੈ। ਟੈਕਸੀ/ਮੈਕਸੀ ਕੈਬ ਲਈ ਨਿਰਧਾਰਤ ਫੀਸ ਲੈਣ ਉਪਰੰਤ ਪੰਜਾਬ ਰਾਜ ਲਈ ਕੰਨਟਰੈਕਟ ਕੈਰਜ ਪਰਮਿਟ ਜਾਰੀ ਕੀਤਾ ਜਾਂਦਾ ਹੈ, ਜੋ ਕਿ ਪੰਜ ਸਾਲਾਂ ਲਈ ਜਾਰੀ ਕੀਤਾ ਜਾਂਦਾ ਹੈ। ਆਲ ਇੰਡੀਆ ਪਰਮਿਟ ਸਟੇਟ ਟਰਾਂਸਪੋਰਟ ਕਮਿਸ਼ਨਰ, ਪੰਜਾਬ, ਚੰਡੀਗੜ੍ਹ ਵੱਲੋਂ ਜਾਰੀ ਕੀਤਾ ਜਾਂਦਾ ਹੈ। ਪ੍ਰਾਈਵੇਟ ਸਰਵਿਸ ਵਹੀਕਲ ਲਈ ਪਰਮਿਟ ਉਨ੍ਹਾਂ ਸੰਸਥਾਵਾਂ, ਅਦਾਰਿਆਂ ਆਦਿ ਦੀਆਂ ਛੇ ਸੀਟਾਂ ਤੋਂ ਵੱਧ ਸਮਰੱਥਾ ਵਾਲੀਆਂ ਗੱਡੀਆਂ ਦੇ ਮਾਲਕਾਂ ਨੂੰ ਜਾਰੀ ਕੀਤਾ ਜਾਂਦਾ ਹੈ, ਜੋ ਆਪਣਾ ਕੰਮ ਕਾਜ ਜਾਂ ਵਪਾਰ ਕਰਦੇ ਹਨ ਅਤੇ ਗੱਡੀ ਨੂੰ ਕਿਰਾਏ ਭਾੜੇ ਲਈ ਨਹੀਂ ਵਰਤਦੇ।